# SAFDAR HASHMI: JAB AANKH SE HI NA TAPKA TO PHIR LAHU KYA HAI
# ਸਫ਼ਦਰ ਹਾਸ਼ਮੀ: ਜਬ ਆਂਖ ਹੀ ਸੇ ਨ ਟਪਕਾ ਤੋ ਫਿਰ ਲਹੂ ਕਿਆ ਹੈ

**ਜਗਜੀਤ ਸਿੰਘ (Jagjit Singh)**
**ਖੋਜਾਰਥੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ**
E-Mail- Jagjitsingh2045@gmail.com ਮੋਬਾਈਲ +91-9780735614

ABSTRACT

*ਸਫ਼ਦਰ ਹਾਸ਼ਮੀ ਨੁੱਕੜ ਨਾਟਕ ਨਾਲ ਸੰਬਧਿਤ ਅਹਿਮ ਨਾਮ ਹੈ। ਜਿਸ ਨੇ ਪੂਰੇ ਭਾਰਤ ਵਿਚ ਨੁੱਕੜ ਨਾਟਕ ਨੂੰ ਪਛਾਣ ਦਿਵਾਉਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਉਹ ਜਾਤ, ਜਮਾਤ ਅਤੇ ਹੋਰਨਾਂ ਸਮਾਜਕ ਅਸਮਾਨਤਾਵਾਂ ਨੂੰ ਖਤਮ ਕਰਕੇ ਸਮਾਜਕ ਬਰਾਬਰੀ ਲਈ ਲਗਾਤਾਰ ਸੰਘਰਸ਼ ਕਰਦਾ ਰਿਹਾ। ਇਸ ਉਦੇਸ਼ ਲਈ ਉਸ ਨੇ ਨੁੱਕੜ ਨਾਟਕ ਨੂੰ ਮਾਧਿਅਮ ਬਣਾਇਆ। ਉਹ 'ਕਲਾ ਕਲਾ ਲਈ' ਦੀ ਬਜਾਏ 'ਕਲਾ ਲੋਕਾਂ ਲਈ' ਧਾਰਨਾ ਦਾ ਸਮਰਥਕ ਸੀ। ਸਫ਼ਦਰ ਨੇ ਤਤਕਾਲੀਨ ਸਮਾਜ ਵਿਚ ਵਿਆਪਕ ਸਮੱਸਿਆਵਾਂ ਨੂੰ ਆਪਣੇ ਨਾਟਕਾਂ ਦਾ ਆਧਾਰ ਬਣਾਇਆ। ਆਜ਼ਾਦੀ ਤੋਂ ਬਾਅਦ ਲੋਕਾਂ ਦੇ ਤਸੱਵਰ ਵਿਚ ਮੌਜੂਦ ਆਦਰਸ਼ ਸਮਾਜ ਦਾ ਸੁਪਨਾ ਮਹਿਜ਼ ਸੁਪਨਾ ਹੀ ਰਹਿ ਗਿਆ। ਫ਼ਲਸਰੂਪ ਇਸ ਸੰਕਟਮਈ ਪਰਿਦ੍ਰਿਸ਼ ਨੇ ਕਲਾਕਾਰਾਂ ਨੂੰ ਨਵੇਂ ਕਲਾ-ਮਾਧਿਅਮ ਤਲਾਸ਼ਣ ਲਈ ਵੀ ਪ੍ਰੇਰਿਤ ਕੀਤਾ। ਇਸ ਪਰਿਸਥਿਤੀ ਵਿਚ ਇਹ ਲਾਜ਼ਮੀ ਸੀ ਕਿ ਬੁੱਧੀਜੀਵੀ ਵਰਗ ਆਮ ਲੋਕਾਈ ਨੂੰ ਵਸਤੂ-ਸਥਿਤੀ ਤੋਂ ਜਾਣੂ ਕਰਾ ਕੇ ਆਪਣੇ ਅਧਿਕਾਰਾਂ ਪ੍ਰਤਿ ਸੁਚੇਤ ਕਰੇ। ਇਸੇ ਜ਼ਰੂਰਤ ਤਹਿਤ ਸਫ਼ਦਰ ਹਾਸ਼ਮੀ ਆਪਣੇ ਨਾਟਕਾਂ ਰਾਹੀਂ ਲੋਕਾਂ ਨੂੰ ਸੁਚੇਤ ਕਰਨ ਦਾ ਉੱਦਮ ਕੀਤਾ। ਹੱਥਲਾ ਖੋਜ-ਪੱਤਰ ਸਫ਼ਦਰ ਦੀ ਨਾਟ-ਸਿਰਜਣਾ ਅਤੇ ਨਾਟ-ਸਿਰਜਣ ਲਈ ਆਧਾਰਭੂਮੀ ਬਣਦੇ ਹਾਲਾਤਾਂ ਨੂੰ ਸਮਝਣ ਦਾ ਯਤਨ ਹੈ। ਇਸ ਤੋਂ ਇਲਾਵਾ ਇਹ ਸਫ਼ਦਰ ਦੇ ਨਾਟਕਾਂ ਵਿਚਲੇ ਸਰੋਕਾਰਾਂ ਨੂੰ ਵੀ ਆਪਣਾ ਅਧਿਐਨ-ਵਸਤੂ ਬਣਾਉਂਦਾ ਹੈ।*

**ਕੀਵਰਡ**: ਨੁੱਕੜ ਨਾਟਕ, ਬ੍ਰੈਖ਼ਤੀਅਨ ਨਾਟਕ, ਪ੍ਰੋਸੋਨੀਅਮ ਥੀਏਟਰ, ਰੂਪ ਅਤੇ ਵਸਤੂ, ਇਪਟਾ ਲਹਿਰ।

ਸਫ਼ਦਰ ਹਾਸ਼ਮੀ ਸਮੁੱਚੇ ਭਾਰਤ ਵਿਚ ਨੁੱਕੜ ਨਾਟਕ ਨੂੰ ਪ੍ਰਸਿੱਧੀ ਅਤੇ ਪਹਿਚਾਣ ਦਿਵਾਉਣ ਵਾਲਾ ਨਾਮ ਹੈ। ਸਫ਼ਦਰ ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਸੀ। ਨੁੱਕੜ ਨਾਟਕਕਾਰ ਹੋਣ ਦੇ ਨਾਲ-ਨਾਲ ਉਹ ਪ੍ਰਤਿਭਾਸ਼ਾਲੀ ਅਦਾਕਾਰ, ਨਿਰਦੇਸ਼ਕ, ਗੀਤਕਾਰ ਅਤੇ ਰਾਜਨੀਤਕ ਕਾਰਕੁੰਨ ਵੀ ਸੀ। ਉਹ ਜਾਤ, ਜਮਾਤ ਅਤੇ ਹੋਰਨਾਂ ਸਮਾਜਕ ਅਸਮਾਨਤਾਵਾਂ ਨੂੰ ਖਤਮ ਕਰਕੇ ਸਮਾਜਕ ਬਰਾਬਰੀ ਲਈ ਲਗਾਤਾਰ ਸੰਘਰਸ਼ ਕਰਦਾ ਰਿਹਾ। ਸਫ਼ਦਰ ਦਾ ਜਨਮ 12 ਅਪ੍ਰੈਲ 1954 ਨੂੰ ਦਿੱਲੀ ਵਿਚ ਹੋਇਆ। ਉਸ ਦੇ ਪਿਤਾ ਦਾ ਨਾਮ ਹਨੀਫ਼ ਹਾਸ਼ਮੀ ਅਤੇ ਮਾਤਾ ਦਾ ਨਾਮ ਕਮਰ ਆਜ਼ਾਦ ਹਾਸ਼ਮੀ ਸੀ। ਉਸ ਦਾ ਪਰਿਵਾਰ ਕਮਿਊਨਿਸਟ ਪਿਛੋਕੜ ਵਾਲਾ ਸੀ, ਜਿਸ ਦਾ ਪ੍ਰਭਾਵ ਉਸ ਦੀ ਸ਼ਖ਼ਸੀਅਤ 'ਤੇ ਪੈਣਾ ਸੁਭਾਵਿਕ ਸੀ, ਜੋ ਬਾਅਦ ਵਿਚ ਉਸ ਦੀ ਸਮੁੱਚੀ ਸ਼ਖ਼ਸੀਅਤ ਵਿਚੋਂ ਸਾਫ਼ ਝਲਕਿਆ। ਉਸ ਦੀ ਰਾਜਨੀਤਿਕ ਪੁਜੀਸ਼ਨ ਉਸ ਦੀਆਂ ਲਿਖਤਾਂ ਵਿਚੋਂ ਸਹਿਜੇ ਹੀ ਸਪਸ਼ਟ ਹੋ ਜਾਂਦੀ ਹੈ। ਸਫ਼ਦਰ ਨੇ ਮੁਢਲੀ ਸਿੱਖਿਆ ਅਲੀਗੜ੍ਹ ਤੋਂ ਪ੍ਰਾਪਤ ਕੀਤੀ। 1970 ਵਿਚ ਉਸ ਨੇ ਦਿੱਲੀ ਤੋਂ ਹਾਇਰ ਸੈਕੰਡਰੀ ਕਰਨ ਉਪਰੰਤ ਸੇਂਟ ਸਟੀਫਨਜ ਕਾਲਜ ਵਿਚ ਦਾਖਲਾ ਲਿਆ। ਇਥੇ ਹੀ ਉਹ ਐਸ. ਐਫ. ਆਈ (Students Federation of India) ਦਾ ਮੈਂਬਰ ਬਣਿਆ ਅਤੇ 1971 ਵਿਚ ਇਪਟਾ (Indian People's Theatre Associations) ਨਾਲ ਵੀ ਜੁੜਿਆ। 1975 ਵਿਚ ਸੇਂਟ ਸਟੀਫ਼ਨਜ ਕਾਲਜ ਤੋਂ ਐਮ. ਏ. ਅੰਗਰੇਜ਼ੀ ਦੀ ਡਿਗਰੀ ਪ੍ਰਾਪਤ ਕਰ ਲੈਣ ਤੋਂ ਬਾਅਦ ਉਸ ਨੇ ਦਿੱਲੀ, ਗੜ੍ਹਵਾਲ ਅਤੇ ਕਸ਼ਮੀਰ ਵਿਚ ਕੁਝ ਸਮਾਂ ਅਧਿਆਪਨ ਕਾਰਜ ਵੀ ਕੀਤਾ। 1976 ਵਿਚ ਉਹ ਮਾਰਕਸਵਾਦੀ ਕਮਿਊਨਿਸਟ ਪਾਰਟੀ (CPI (M)) ਨਾਲ ਜੁੜਿਆ। ਇਪਟਾ ਦੇ ਪ੍ਰੋਗਰਾਮਾਂ ਦੌਰਾਨ ਸਫ਼ਦਰ ਦੀ ਮੁਲਾਕਾਤ ਮੌਲਿਸ਼੍ਰੀ ਰਾਇ ਨਾਲ ਹੋਈ, ਜਿਸ ਨਾਲ 1979 ਵਿਚ ਉਸ ਨੇ ਵਿਆਹ ਕਰਾ ਲਿਆ। ਇਸੇ ਸਾਲ ਹੀ ਸਫ਼ਦਰ ਪੱਛਮੀ ਬੰਗਾਲ ਵਿਚ ਸੂਚਨਾ ਅਧਿਕਾਰੀ ਦੇ ਤੌਰ 'ਤੇ ਨਿਯੁਕਤ ਹੋਇਆ ਪਰ ਆਪਣਾ ਧਿਆਨ ਪੂਰੀ ਤਰ੍ਹਾਂ ਨਾਟਕਾਂ 'ਤੇ ਕੇਂਦਰਿਤ ਕਰਨ ਲਈ ਉਸ ਨੇ ਇਸ ਪਦ ਤੋਂ ਅਸਤੀਫ਼ਾ ਦੇ ਦਿੱਤਾ।

(1)

ਲਗਭਗ ਦੋ ਸਦੀਆਂ ਦੀ ਗ਼ੁਲਾਮੀ ਤੋਂ ਬਾਅਦ ਜਨਮੇ ਨਵੇਂ ਭਾਰਤ ਲਈ ਇਹ ਸੋਚਣਾ ਸੁਭਾਵਿਕ ਸੀ ਕਿ ਆਜ਼ਾਦੀ ਨਵਾਂ ਆਦਰਸ਼ਵਾਦ ਲੈ ਕੇ ਆਵੇਗੀ। ਆਮ ਲੋਕਾਈ ਦੇ ਮਨ-ਮਸਤਕ ਵਿਚ ਆਜ਼ਾਦੀ ਤੋਂ ਬਾਅਦ ਸੁਖਦ ਸਮਾਜ-ਸੱਭਿਆਚਾਰਕ ਮਾਹੌਲ ਮਿਲਣ ਦਾ ਤਸੱਵੁਰ ਮੌਜੂਦ ਸੀ। ਜਦਕਿ ਹਕੀਕਤ ਵਿਚ ਇਸ 'ਸੁਖਦ ਮਾਹੌਲ' ਦੀ ਜਗ੍ਹਾ ਜੋ ਯਥਾਰਥ ਸਾਹਮਣੇ ਆਇਆ, ਉਹ ਆਰਥਕ-ਸਮਾਜਕ ਨਾ-ਬਰਾਬਰੀ, ਰਾਜਨੀਤਕ ਭ੍ਰਿਸ਼ਟਾਚਾਰ, ਸਾਂਸਕ੍ਰਿਤਕ ਪਛੜੇਵਾਂ ਆਦਿ ਦੇ ਕਰੂਰ ਰੂਪ ਵਿਚ ਪ੍ਰਗਟ ਹੁੰਦਾ ਹੈ। ਅਜਿਹੇ ਹਾਲਾਤ ਨਿਸਚੇ ਹੀ ਕਿਸੇ ਕਲਾਕਾਰ ਨੂੰ ਚਿੰਤਤ ਕਰਦੇ ਹਨ ਅਤੇ ਬਿਨਾਂ ਸ਼ੱਕ ਉਸ ਦੀਆਂ ਰਚਨਾਵਾਂ ਵਿਚ ਵੀ ਜਗ੍ਹਾ ਪਾਉਂਦੇ ਹਨ। ਫ਼ਲਸਰੂਪ ਇਸ ਸੰਕਟਮਈ ਪਰਿਦ੍ਰਿਸ਼ ਨੇ ਕਲਾਕਾਰਾਂ ਨੂੰ ਨਵੇਂ ਕਲਾ-ਮਾਧਿਅਮ ਤਲਾਸ਼ਣ ਲਈ ਵੀ ਪ੍ਰੇਰਿਤ ਕੀਤਾ। ਇਸ ਪਰਿਸਥਿਤੀ ਵਿਚ ਇਹ ਲਾਜ਼ਮੀ ਸੀ ਕਿ ਬੁੱਧੀਜੀਵੀ ਵਰਗ ਆਮ ਲੋਕਾਈ ਨੂੰ ਵਸਤੂ-ਸਥਿਤੀ ਤੋਂ ਜਾਣੂ ਕਰਾ ਕੇ ਆਪਣੇ ਅਧਿਕਾਰਾਂ ਪ੍ਰਤਿ ਸੁਚੇਤ ਕਰੇ। ਸਫ਼ਦਰ, ਸੁਭਾਸ਼ ਸ਼ਰਮਾ ਨੂੰ ਦਿੱਤੀ ਇੰਟਰਵਿਊ ਵਿਚ ਆਖਦਾ ਹੈ ਕਿ 'ਇਕ ਦੌਰ ਅਜਿਹਾ ਆਇਆ ਜਦ ਸਾਡੇ ਲਈ ਮੰਚ ਨਾਟਕ ਖੇਡਣਾ ਬਹੁਤ ਮੁਸ਼ਕਿਲ ਹੋ ਗਿਆ ਸੀ ਦੂਸਰਾ, ਸਾਡੀ ਸਮਝ ਅਨੁਸਾਰ ਜਨਤਾ ਵਿਚ ਵਿਗਿਆਨਕ ਸਮਾਜ-ਚੇਤਨਾ ਫੈਲਾਉਣ ਵਾਲੇ ਨਾਟਕਾਂ ਦੀ ਜ਼ਰੂਰਤ ਪਹਿਲਾਂ ਦੀ ਬਜਾਏ ਵਧ ਗਈ ਸੀ। ਅਜਿਹੀ ਸਥਿਤੀ ਵਿਚ ਅਜਿਹੀ ਵਿਧਾ ਦੀ ਜ਼ਰੂਰਤ ਮਹਿਸੂਸ ਹੋਈ ਜੋ ਅਸਰਦਾਰ ਹੋਣ ਦੇ ਨਾਲ-ਨਾਲ ਬਹੁਤ ਸਸਤੀ ਅਤੇ ਮੋਬਾਇਲ ਵੀ ਹੋਵੇ, ਜਿਸ ਨੂੰ ਬਿਨਾਂ ਕਿਸੇ ਤਾਮ-ਝਾਮ ਦੇ ਵਿਸ਼ਾਲ ਜਨ-ਸਮੂਹ ਸਾਹਮਣੇ ਲਿਜਾਇਆ ਜਾ ਸਕੇ। ਅਜਿਹੇ ਹਾਲਾਤ ਵਿਚ ਸਾਡੀ ਜ਼ਰੂਰਤ ਅਤੇ ਤਲਾਸ਼ ਨੇ ਜਿਸ ਪ੍ਰਯੋਗ ਦੀ ਸ਼ਕਲ ਧਾਰਨ ਕੀਤੀ, ਉਹੀ ਸਾਡੇ ਲਈ ਨੁੱਕੜ-ਨਾਟਕ ਬਣ ਗਿਆ।'[i] ਦੂਸਰੀ ਸਥਿਤੀ ਭਾਰਤ ਵਿਚ ਐਮਰਜੈਂਸੀ ਦਾ ਲੱਗਣਾ ਸੀ। ਜਿਸ ਨੇ ਯਕੀਨੀ ਤੌਰ ਉੱਤੇ ਹਰ ਵਰਗ ਨੂੰ ਪ੍ਰਭਾਵਿਤ ਕੀਤਾ। ਡਾ. ਸਤੀਸ਼ ਕੁਮਾਰ ਵਰਮਾ ਅਨੁਸਾਰ, "1975 ਤੋਂ 1977 ਦੇ ਐਮਰਜੈਂਸੀ ਦੇ

ਦੌਰ ਵਿਚ ਲਿਖਿਤ ਅਤੇ ਬੋਲ ਤੇ ਲੱਗੀ ਪਾਬੰਦੀ ਦੇ ਪ੍ਰਤਿਉਤਰ ਵਜੋਂ ਪ੍ਰਤੀਕਾਤਮਕ ਰੂਪ ਵਿਚ ਆਪਣੀ ਗੱਲ ਕਹਿਣ ਦੇ ਪ੍ਰਮਾਣ ਦੇ ਤੌਰ ਤੇ ਸਾਹਿਤ, ਥੀਏਟਰ ਤੇ ਫਿਲਮ ਖੇਤਰ ਵਿਚ ਕੁਝ ਨਵੇਂ ਆਯਾਮ ਦ੍ਰਿਸ਼ਟੀਗੋਚਰ ਹੋਏ।...ਇਸੇ ਸਮੇਂ ਦੀਆਂ ਪਾਬੰਦੀਆਂ ਦੇ ਵਿਰੋਧ ਦੀ ਉਪਜ ਨੁੱਕੜ ਨਾਟਕ ਬਣਿਆ ਜਿਸਨੇ ਹੌਲੀ ਹੌਲੀ ਸਮੁਚੇ ਹਿੰਦੁਸਤਾਨ ਨੂੰ ਆਪਣੇ ਕਲੇਵਰ ਵਿਚ ਲੈ ਲਿਆ।"[ii] ਇਸੇ ਸਮਾਜ-ਸਭਿਆਚਾਰਕ ਅਤੇ ਰਾਜਨੀਤਕ ਪਰਿਪੇਖ ਵਿਚ ਹੀ ਸਫ਼ਦਰ ਨੇ ਨੁੱਕੜ ਨਾਟਕਾਂ ਰਾਹੀਂ ਤਤਕਾਲੀਨ ਜਨ-ਜੀਵਨ ਦੇ ਮਸਲਿਆਂ ਨੂੰ ਸਿਰਜਣਾਤਮਕ ਅਭਿਵਿਅਕਤੀ ਦਿੱਤੀ।

(2)

ਸਮਾਜ ਵਿਚ ਵਿਚਰਦਿਆਂ ਮਨੁੱਖ ਅਚੇਤ ਅਤੇ ਸੁਚੇਤ ਤੌਰ 'ਤੇ ਕਈ ਪ੍ਰਕਾਰ ਦੇ ਪ੍ਰਭਾਵ ਗ੍ਰਹਿਣ ਕਰਦਾ ਹੈ। ਇਹ ਪ੍ਰਭਾਵ ਵੱਖ-ਵੱਖ ਵਿਚਾਰਧਾਰਾਵਾਂ ਦੀ ਹੀ ਅਭਿਵਿਅਕਤੀ ਹੁੰਦੇ ਹਨ। ਇਸ ਲਈ ਕਿਸੇ ਕਲਾਕਾਰ ਜਾਂ ਵਿਅਕਤੀ ਵਿਸ਼ੇਸ਼ ਵੱਲੋਂ ਵਿਚਾਰਧਾਰਕ ਨਿਰਪੱਖਤਾ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ। ਸਫ਼ਦਰ ਨੇ ਕਲਾ ਦੀ ਬੁਰਜੂਆ ਧਾਰਨਾ ਦੇ ਮੁਕਾਬਲੇ 'ਕਲਾ ਲੋਕਾਂ ਲਈ' ਧਾਰਨਾ ਦੀ ਪ੍ਰੋੜ੍ਹਤਾ ਕੀਤੀ। ਸਫ਼ਦਰ ਅਜਿਹੇ ਰੰਗਮੰਚ, ਫ਼ਿਲਮ ਜਾਂ ਕਲਾ ਦੇ ਖ਼ਿਲਾਫ਼ ਸੀ ਜੋ ਲੋਕਾਂ ਨੂੰ ਭਾਵਨਾਤਮਕ ਢੰਗ ਨਾਲ ਵਰਤ ਕੇ ਚਾਲਬਾਜ਼ੀ ਕਰੇ। ਉਸ ਨੇ ਸਮਾਜ ਦੇ ਸ਼ੋਸ਼ਿਤ ਵਰਗ, ਵਿਦਿਆਰਥੀਆਂ, ਮਜ਼ਦੂਰਾਂ ਤੇ ਕਿਸਾਨਾਂ ਅਤੇ ਧਰਮ ਨਿਰਪੇਖਤਾ ਵਰਗੇ ਮੁੱਦਿਆਂ ਨੂੰ ਪ੍ਰਸਾਰਨ ਹਿੱਤ ਨੁੱਕੜ ਨਾਟਕ ਨੂੰ ਹਥਿਆਰ ਬਣਾਇਆ। ਉਸ ਅਨੁਸਾਰ ਨਾਟਕ ਅਜਿਹੀ ਪ੍ਰਭਾਵਸ਼ਾਲੀ ਵਿਧਾ ਹੈ ਜੋ ਵਿਆਪਕ ਪੱਧਰ 'ਤੇ ਲੋਕਾਂ ਵਿਚ ਜਨਵਾਦੀ ਚੇਤਨਾ ਪ੍ਰਸਾਰਨ ਵਿਚ ਕਾਰਗਰ ਸਾਬਤ ਹੁੰਦੀ ਹੈ।[iii] ਨਾਟਕ ਦੀ ਬ੍ਰੈਖ਼ਤੀਅਨ ਤਕਨੀਕ ਬਾਰੇ ਉਸ ਦਾ ਮੰਨਣਾ ਹੈ ਕਿ "ਜੇਕਰ ਬ੍ਰੈਖ਼ਤੀਅਨ ਨਾਟਕ ਖੇਡਣ ਅਤੇ ਤਿਆਰ ਕਰਨ ਦੀ ਪ੍ਰਕਿਰਿਆ ਕਲਾਕਾਰਾਂ ਅਤੇ ਤਕਨੀਕੀ ਮਾਹਿਰਾਂ ਵਿਚ ਸਮਾਜਿਕ ਪ੍ਰਤਿਬੱਧਤਾ ਪੈਦਾ ਨਹੀਂ ਕਰਦੀ ਤਾਂ ਉਹ ਵਿਅਰਥ ਹੈ।"[iv] 1988 ਵਿਚ ਯੂਜੀਨ ਵੈਨ ਅਰਵਿਨ ਨੂੰ ਦਿੱਤੀ ਇੰਟਰਵਿਊ ਵਿਚ ਸਫ਼ਦਰ ਆਖਦਾ ਹੈ ਕਿ "...ਅਸੀਂ ਰੰਗਮੰਚ ਦੇ ਬਾਰੇ ਵਿਚ ਕੁਝ ਨਹੀਂ ਜਾਣਦੇ ਸੀ, ਅਸੀਂ ਮਹਿਜ਼ ਕ੍ਰਾਂਤੀਕਾਰੀ ਥੀਏਟਰ ਕਰਨਾ ਚਾਹੁੰਦੇ ਸੀ। ਜੋ ਟਰੇਡ ਯੂਨੀਅਨ ਅੰਦੋਲਨ ਨੂੰ ਅੱਗੇ ਲਿਜਾ ਸਕੇ, ਮਜ਼ਦੂਰਾਂ ਨੂੰ ਉਤਸ਼ਾਹਿਤ ਕਰ ਸਕੇ। ਸਾਡੀ ਦਿਲਚਸਪੀ ਪ੍ਰਮੁੱਖ ਤੌਰ 'ਤੇ ਇਸੇ ਗੱਲ ਵਿਚ ਸੀ ਕਿ ਨਾਟਕ ਕੀ ਕਹਿ ਰਿਹਾ ਹੈ।"[v] ਇਸ ਧਾਰਨਾ ਤੋਂ ਸਾਫ਼ ਸਪਸ਼ਟ ਹੋ ਜਾਂਦਾ ਹੈ ਕਿ ਇਥੇ ਸਮੇਂ ਸਫ਼ਦਰ ਸਾਹਿਤਕ ਕਿਰਤ ਦੇ 'ਰੂਪ' (Form) ਨੂੰ ਦਰਕਿਨਾਰ ਕਰਦਾ ਹੋਇਆ 'ਵਸਤੂ' (Content) ਨੂੰ ਪਹਿਲੇ ਦਰਜੇ ਉੱਤੇ ਰੱਖਦਾ ਹੈ। ਪਰ ਅੱਗੇ ਜਾ ਕੇ ਉਹ ਰੂਪ ਅਤੇ ਵਸਤੂ ਦੇ ਅਦਵੈਤੀ ਚਰਿਤਰ ਨੂੰ ਸਵੀਕਾਰਦਾ ਹੈ। ਉਹ ਇਹ ਧਾਰਨਾ ਪੇਸ਼ ਕਰਦਾ ਹੈ ਕਿ, "ਅਸਲ ਵਿਚ ਵਸਤੂ ਅਤੇ ਰੂਪ ਦੋਵੇਂ ਇਸ ਤਰ੍ਹਾਂ ਅੰਤਰ-ਸੰਬੰਧਿਤ ਹਨ ਜਿਵੇਂ ਅੱਗ ਅਤੇ ਗਰਮੀ ਜਾਂ ਬਿਜਲੀ ਅਤੇ ਉਸ ਦੀ ਰਫ਼ਤਾਰ। ਇਕ ਦੂਸਰੇ ਤੋਂ ਬਿਨਾਂ ਦੋਵਾਂ ਦੀ ਕੋਈ ਹੈਸੀਅਤ ਹੀ ਨਹੀਂ।"[vi] ਸਫ਼ਦਰ ਦੇ ਬਾਦਲ ਸਰਕਾਰ ਨਾਲ ਵਿਚਾਰਕ ਮਤਭੇਦ ਹੋਣ ਦਾ ਆਧਾਰ ਵੀ ਬਾਦਲ ਸਰਕਾਰ ਦੁਆਰਾ ਵਸਤੂ ਦੀ ਬਜਾਏ ਰੂਪ ਨੂੰ ਸ਼੍ਰੇਸ਼ਟ ਦਰਜਾ ਦੇਣਾ ਸੀ।[vii] ਉਸ ਦਾ ਮੰਨਣਾ ਸੀ ਕਿ ਉਹ ਸਾਰ ਦੇ ਸਵਾਲ ਨੂੰ ਪਿੱਛੇ ਲੈ ਗਿਆ ਅਤੇ ਵਿਧਾ ਨੂੰ ਉਭਾਰ ਕੇ ਅੱਗੇ ਲੈ ਆਇਆ। ਇਸ ਦੇ ਉਲਟ ਸਫ਼ਦਰ ਰੰਗਮੰਚ ਨੂੰ ਮਹਿਜ਼ ਡਿਜ਼ਾਇਨ, ਵੇਸ਼ਭੂਸ਼ਾ, ਪ੍ਰਕਾਸ਼, ਅਭਿਨੈ ਆਦਿ ਦੇ ਤਕਨੀਕੀ ਸ਼ਿਲਪ ਦਾ ਗਠਜੋੜ ਨਹੀਂ ਮੰਨਦਾ ਬਲਕਿ ਸਮਾਜਿਕ ਅਤੇ ਸਾਂਸਕ੍ਰਿਤਕ ਰਚਨਾ ਦਾ ਤਾਕਤਵਾਰ ਹਥਿਆਰ ਮੰਨਦਾ ਹੈ।

ਸਫ਼ਦਰ ਨਾਟਕ ਵਿਚ 'ਭਾਰਤੀਅਤਾ' ਦੇ ਸੰਕਲਪ ਨੂੰ ਦਿੱਖ ਦੇ ਪੱਧਰ ਉੱਤੇ ਸਮਝਣ ਦੇ ਖ਼ਿਲਾਫ਼ ਸੀ। ਉਸ ਦਾ ਮੰਨਣਾ ਸੀ ਕਿ ਇਕ ਨਾਟਕ ਮਹਿਜ਼ ਭਾਰਤੀ ਦਿਖਣ ਨਾਲ ਹੀ ਭਾਰਤੀ ਨਹੀਂ ਬਣ ਜਾਂਦਾ। ਸਾਡਾ ਰੰਗਮੰਚ ਤਦ ਭਾਰਤੀ ਬਣੇਗਾ ਜਦ ਉਹ ਸਾਡੇ ਲੋਕਾਂ ਨਾਲ ਗਹਿਰਾ ਸਰੋਕਾਰ ਰੱਖੇਗਾ। ਰੰਗਕਰਮੀਆਂ ਦੁਆਰਾ ਵਿਗਿਆਨਕ ਦ੍ਰਿਸ਼ਟੀਕੋਣ ਰਾਹੀਂ ਇਮਾਨਦਾਰੀ ਅਤੇ ਲਗਨ ਨਾਲ ਮੌਜੂਦਾ ਭਾਰਤੀ ਨਿਜ਼ਾਮ ਦਾ ਅਧਿਐਨ ਵਿਸ਼ਲੇਸ਼ਣ ਕਰਨ ਨਾਲ ਹੀ ਸਾਡੇ ਰੰਗਮੰਚ ਵਿਚ ਭਾਰਤੀਅਤਾ ਆ ਸਕੇਗੀ।[viii]

ਉਹ ਕਲਾਤਮਕ ਅਭਿਵਿਅਕਤੀ ਦੇ ਔਜ਼ਾਰਾਂ/ਉਪਕਰਨਾਂ ਦਾ ਗ਼ੁਲਾਮ ਨਹੀਂ ਸੀ ਬਲਕਿ ਉਸ ਦਾ ਮੰਨਣਾ ਸੀ ਕਿ ਨਾਟਕ ਕਿਸੇ ਵੀ ਵਰਗਾਕਾਰ, ਆਇਤਾਕਾਰ ਜਾਂ ਗੋਲ ਜਗ੍ਹਾ ਆਪਣੀ ਪੂਰੀ ਤਾਕਤ ਅਤੇ ਖ਼ੂਬਸੂਰਤੀ ਨਾਲ ਪੈਦਾ ਹੋ ਸਕਦਾ ਹੈ। ਚਾਹੇ ਦਰਸ਼ਕ ਇਕ ਪਾਸੇ ਹੋਣ ਜਾਂ ਚਾਰੇ ਪਾਸੇ, ਉਹ ਹਨ੍ਹੇਰੇ ਵਿਚ ਹੋਣ ਜਾਂ ਸੂਰਜ ਦੀ ਰੌਸ਼ਨੀ ਵਿਚ, ਨਾਟਕ ਸਜੀਵ ਹੋ ਉੱਠਦਾ ਹੈ। ਸਫ਼ਦਰ ਅਨੁਸਾਰ, "ਨੁੱਕੜ ਨਾਟਕ ਵਿਰੋਧ ਦਾ ਜੁਝਾਰੂ ਰਾਜਨੀਤਿਕ ਨਾਟਕ ਹੈ ਜਿਸ ਦਾ ਕੰਮ ਜਨਤਾ ਨੂੰ ਅੰਦੋਲਿਤ ਕਰਨਾ ਅਤੇ ਸੰਘਰਸ਼ਸ਼ੀਲ ਸੰਗਠਨਾਂ ਦੇ ਪਿੱਛੇ ਲਾਮਬੰਦ ਕਰਨਾ ਹੈ।"[ix] ਵੱਖ-ਵੱਖ ਦੇਸ਼ਾਂ ਵਿਚ, ਉਹਨਾਂ ਦੇ ਇਤਿਹਾਸ ਦੇ ਨਾਜ਼ੁਕ ਪਲਾਂ ਵਿਚ ਹੀ ਨੁੱਕੜ ਨਾਟਕ ਦਾ ਜਨਮ ਹੋਇਆ ਹੈ। ਜਿਵੇਂ ਸਪੇਨ ਵਿਚ ਗ੍ਰਹਿ ਯੁੱਧ ਦੌਰਾਨ, ਵੀਅਤਨਾਮ ਵਿਚ ਜਾਪਾਨੀ, ਫਰਾਂਸੀਸੀ ਅਤੇ ਅਮਰੀਕੀ ਹਮਲਾਵਾਰਾਂ ਦੇ ਵਿਰੁੱਧ 45 ਸਾਲਾਂ ਦੇ ਲੰਮੇ ਯੁੱਧ ਦੇ ਦੌਰਾਨ, ਕਿਊਬਾ ਵਿਚ ਇਨਕਲਾਬ ਦੇ ਤਤਕਾਲ ਬਾਅਦ ਅਤੇ ਪੂਰੇ ਲੈਟਿਨ ਅਮਰੀਕਾ ਅਤੇ ਅਫਰੀਕਾ ਵਿਚ ਰਾਸ਼ਟਰੀ ਮੁਕਤੀ ਸੰਗਰਾਮ ਦੇ ਦੌਰਾਨ। ਅਮਰੀਕਾ ਵਿਚ ਇਹ ਮੈਕਸਿਕਨ ਖੇਤ-ਮਜ਼ਦੂਰਾਂ ਅਤੇ ਹਬਸ਼ੀਆਂ (ਨੀਗਰੋ) ਦੇ ਵਿਚਕਾਰ ਸੰਘਰਸ਼ ਅਤੇ ਸੰਗਠਨ ਦੇ ਸਾਧਨ ਦੇ ਰੂਪ ਵਿਚ ਪ੍ਰਚਲਿਤ ਹੋਇਆ। ਫਰਾਂਸ ਵਿਚ ਇਹ ਉਥਲ-ਪੁਥਲ ਭਰੇ ਸੱਤਵੇਂ ਦਹਾਕੇ ਦੇ ਅੰਤਿਮ ਚਰਣ ਵਿਚ ਪ੍ਰਗਟ ਹੁੰਦਾ ਹੈ।[x] ਜਨ ਨਾਟਯ ਮੰਚ ਦੇ ਨੁੱਕੜ ਨਾਟਕ ਦੇ ਦਸ ਸਾਲਾਂ ਦੇ ਅਨੁਭਵ ਦਾ ਵਿਸ਼ਲੇਸ਼ਣ ਕਰਦਿਆਂ ਸਫ਼ਦਰ ਇਹ ਮਤ ਬਣਾਉਂਦਾ ਹੈ ਕਿ ਭਾਰਤ ਦੇ ਨੁੱਕੜ ਨਾਟਕ ਦਾ ਵਿਕਾਸ ਹੋਰਨਾਂ ਥਾਵਾਂ ਨਾਲੋਂ ਵੱਖਰੀ ਤਰ੍ਹਾਂ ਹੋਣ ਕਾਰਨ ਇਹ ਵਧੇਰੇ ਮਹੱਤਵਪੂਰਨ ਬਣ ਜਾਂਦਾ ਹੈ। ਉਸ ਦਾ ਮੰਨਣਾ ਹੈ ਕਿ ਅਜੋਕੇ ਦੌਰ ਦੇ ਨੁੱਕੜ ਨਾਟ-ਕਰਮੀ ਪੂਰਵਲੇ ਕਲਾਕਾਰਾਂ ਦੀ ਬਜਾਏ ਨੁੱਕੜ ਨਾਟਕ ਦੇ ਰੂਪਾਤਮਕ ਪਹਿਲੂਆਂ ਦੇ ਪ੍ਰਤੀ ਵਧੇਰੇ ਸੁਚੇਤ ਸਨ। ਇਸ ਦਾ ਮੁੱਖ ਕਾਰਨ ਉਹ ਭਾਰਤ ਦੀਆਂ ਵਿਸ਼ੇਸ਼ ਪ੍ਰਸਥਿਤੀਆਂ ਵਿਚ ਵੇਖਦਾ ਹੈ।

ਉਸ ਅਨੁਸਾਰ ਜੇਕਰ ਭਾਰਤ ਦਾ ਮੁੱਖ ਧਾਰਾ ਦਾ ਰੰਗਮੰਚ ਵੀ ਲੋਕਪ੍ਰਿਯ ਹੋਣ ਦੇ ਨਾਤੇ ਜਨਤਾ ਦੀਆਂ ਇੱਛਾਵਾਂ ਅਤੇ ਸੰਘਰਸ਼ ਨੂੰ ਦਰਸਾਉਂਦਾ ਤਾਂ ਨੁੱਕੜ ਨਾਟਕ ਵੀ ਪ੍ਰੋਪੇਗੰਡਾ ਦਾ ਸਾਧਨ ਬਣ ਕੇ ਰਹਿ ਜਾਂਦਾ। ਕਿਉਂਕਿ ਸਾਡਾ ਮੁੱਖ ਧਾਰਾ ਦਾ ਰੰਗਮੰਚ ਆਮ ਲੋਕਾਂ ਨਾਲੋਂ ਟੁੱਟਿਆ ਹੋਇਆ ਹੈ, ਇਸ ਲਈ ਨੁੱਕੜ ਨਾਟਕ ਕੋਲ ਆਮ ਲੋਕਾਈ ਨਾਲ ਜੁੜ ਜਾਣ ਦੀ ਸੰਭਾਵਨਾ ਮੌਜੂਦ ਸੀ। ਇਸ ਦੇ ਬਾਵਜੂਦ ਉਹ ਨੁੱਕੜ ਨਾਟਕ ਨੂੰ ਪ੍ਰੋਸੀਨੀਅਮ ਥੀਏਟਰ

 ISSN 2583-9446

ਦੇ ਖ਼ਿਲਾਫ਼ ਬਗ਼ਾਵਤ ਜਾਂ ਉਸ ਦੇ ਜਵਾਬ ਵਿਚ ਪੈਦਾ ਹੋਈ ਵਿਧਾ ਨਹੀਂ ਮੰਨਦਾ। ਪ੍ਰੋਸੀਨੀਅਮ ਥੀਏਟਰ ਵਿਚ ਨੁੱਕੜ ਨਾਟਕ ਵਾਂਗ ਦਰਸ਼ਕ ਐਕਟਿੰਗ ਖੇਤਰ ਦੇ ਦੁਆਲੇ ਘੇਰੇ ਵਿਚ ਨਹੀਂ ਬਲਕਿ ਸਟੇਜ ਦੇ ਸਾਹਮਣੇ ਕੁਰਸੀਆਂ ਉੱਤੇ ਬੈਠਦੇ ਹਨ। ਇਥੇ ਅਦਾਕਾਰ ਅਤੇ ਦਰਸ਼ਕ ਦੋਵੇਂ ਇਕ ਦੂਜੇ ਤੋਂ ਬੇਖ਼ਬਰ ਹੁੰਦੇ ਹਨ ਜਦਕਿ ਨੁੱਕੜ ਨਾਟਕ ਵਿਚ ਅਦਾਕਾਰ ਲਗਾਤਾਰ ਦਰਸ਼ਕਾਂ ਦਾ ਹੁੰਗਾਰਾ ਵੀ ਲੈਂਦਾ ਰਹਿੰਦਾ ਹੈ। ਸਫ਼ਦਰ ਦਾ ਮੰਨਣਾ ਸੀ ਕਿ ਪ੍ਰੋਸੀਨੀਅਮ ਥੀਏਟਰ ਅਤੇ ਨੁੱਕੜ ਨਾਟਕ ਦੋਵੇਂ ਹੀ ਸਮਾਨ ਰੂਪ ਵਿਚ ਜਨਤਾ ਦੇ ਨਾਲ ਜੁੜੀਆਂ ਵਿਧਾਵਾਂ ਹਨ।

(3)

ਜਨ ਨਾਟਯ ਮੰਚ ਵਿਚ ਕਾਰਜਸ਼ੀਲ ਰਹਿੰਦਿਆਂ ਸਫ਼ਦਰ ਨੇ ਕਈ ਨਾਟਕ ਲਿਖੇ ਅਤੇ ਖੇਡੇ। ਨਾਟਕਾਂ ਤੋਂ ਇਲਾਵਾ ਸਫ਼ਦਰ ਨੇ ਕਵਿਤਾਵਾਂ ਅਤੇ ਬਾਲ ਸਾਹਿਤ ਦੀ ਰਚਨਾ ਵੀ ਕੀਤੀ। । ਜਨ ਨਾਟਯ ਮੰਚ ਦੀ ਸਥਾਪਨਾ ਤੋਂ ਪਹਿਲਾਂ ਉਹ ਇਪਟਾ **(Indian People's Theatre Associations)** ਵਿਚ ਸ਼ਾਮਿਲ ਸੀ। ਇਪਟਾ ਦੀ ਸਥਾਪਨਾ ਸਾਮਰਾਜਵਾਦ ਦੇ ਵਿਰੁੱਧ ਜਨ-ਸੰਘਰਸ਼ ਉਭਾਰਨ ਦੇ ਉਦੇਸ਼ ਨਾਲ 1943 ਵਿਚ ਹੋਈ ਸੀ। ਇਸਦਾ ਪਹਿਲਾ ਪ੍ਰਧਾਨ ਐੱਸ. ਐੱਮ. ਜੋਸ਼ੀ ਸੀ। ਆਪਣੀ ਸਥਾਪਨਾ ਸਮੇਂ ਹੀ ਇਪਟਾ ਨੇ 'ਕਲਾ ਦੇ ਲੋਕਾਂ ਲਈ' ਹੋਣ ਦਾ ਐਲਾਨ ਕੀਤਾ। ਪੰਜਾਬ ਵਿਚ ਇਸਦੀ ਸਥਾਪਨਾ ਤੇਰਾ ਸਿੰਘ ਚੰਨ ਦੀ ਅਗਵਾਈ ਵਿਚ ਹੋਈ ਸੀ। ਦਿੱਲੀ ਵਿਚ ਕਲਕੱਤਾ ਤੋਂ ਆਏ ਕਮਿਊਨਿਸਟ ਕਾਰਕੁੰਨ ਸ਼ਿਆਮਲ ਮੁਖਰਜੀ ਨੇ 1971 ਵਿਚ ਕੁਝ ਨੌਜਵਾਨ ਸਾਥੀਆਂ ਨੂੰ ਇਕੱਠਿਆਂ ਕਰਕੇ ਇਪਟਾ ਨੂੰ ਪੁਨਰ ਸੁਰਜੀਤ ਕਰਨ ਦੇ ਯਤਨ ਕੀਤੇ। ਸਫ਼ਦਰ ਵੀ ਇਨ੍ਹਾਂ ਨੌਜਵਾਨਾਂ ਵਿਚ ਸ਼ਾਮਿਲ ਸੀ। ਸਮਾਂ ਪਾ ਕੇ ਕੁਝ ਕਾਰਨਾਂ ਕਰਕੇ ਸਫ਼ਦਰ ਇਪਟਾ ਤੋਂ ਅਲਗ ਹੋ ਜਾਂਦਾ ਹੈ ਅਤੇ 1973 ਵਿਚ ਆਪਣੇ ਦੋਸਤਾਂ ਦੀ ਮਦਦ ਨਾਲ **JANAM** (ਜਨ ਨਾਟਯ ਮੰਚ) ਦੀ ਸਥਾਪਨਾ ਕਰਦਾ ਹੈ। ਇਪਟਾ ਵਿਚ ਕਲਾਤਮਕ ਗਤੀਵਿਧੀਆਂ ਬੰਦ ਹੋ ਜਾਣ ਕਾਰਨ ਅਜਿਹੇ ਮੰਚ ਦੀ ਲੋੜ ਸੀ ਜੋ ਆਮ ਲੋਕਾਈ ਦੇ ਵਿਚਾਰਕ ਸੰਘਰਸ਼ ਦੀ ਆਵਾਜ਼ ਬਣ ਸਕੇ। ਅਜਿਹੇ ਸਮੇਂ ਵਿਚ 'ਜਨ ਨਾਟਯ ਮੰਚ' ਦੀ ਸਥਾਪਨਾ ਅਹਿਮ ਘਟਨਾ ਸੀ।

ਜਨਮ (ਜਨ ਨਾਟਯ ਮੰਚ) ਆਮ ਲੋਕਾਂ ਦੇ ਬੁਨਿਆਦੀ ਮਸਲਿਆਂ ਦੀ ਪੇਸ਼ਕਾਰੀ ਕਰਨ ਦਾ ਮਾਧਿਅਮ ਬਣਿਆ। ਸ਼ੋਸ਼ਿਤ ਵਰਗ ਵਿਚ ਜਨਵਾਦੀ ਚੇਤਨਾ ਪੈਦਾ ਕਰਨਾ ਹੀ ਜਨਮ ਦਾ ਮੁਢਲਾ ਉਦੇਸ਼ ਸੀ। ਜਨਮ ਦਾ ਪਹਿਲਾ ਨਾਟਕ ਇਰਵਨ ਸ਼ਾਅ (Irwin Shaw) ਦੇ ਨਾਟਕ 'ਬਰੀ ਦ ਡੈੱਡ' (Bury The Dead) ਉੱਤੇ ਆਧਾਰਿਤ (ਮ੍ਰਿਤਿਯੂਰ ਅਤੀਤ) ਸੀ। ਸੁਧਨਵਾ ਦੇਸ਼ਪਾਂਡੇ ਅਨੁਸਾਰ ਇਸ ਨਾਟਕ ਤੋਂ ਬਾਅਦ ਜਨਮ ਨੂੰ ਇਪਟਾ ਦੀ ਵਿਰਾਸਤ ਦੇ ਵਾਹਕ ਦੇ ਰੂਪ ਵਿਚ ਆਪਣੇ ਆਪ ਨੂੰ ਪੇਸ਼ ਕਰਨ ਦਾ ਮੌਕਾ ਮਿਲ ਗਿਆ।

ਮਸ਼ੀਨ ਪ੍ਰਤੀਕਾਤਮਕ ਨੁੱਕੜ ਨਾਟਕ ਹੈ। ਇਸ ਵਿਚ ਮਸ਼ੀਨ ਨੂੰ ਜਮਾਤੀ ਸਮਾਜ ਦੇ ਪ੍ਰਤੀਕ ਵਜੋਂ ਦਰਸਾਇਆ ਗਿਆ ਹੈ। ਜਿਵੇਂ ਮਸ਼ੀਨ ਵੱਖ-ਵੱਖ ਪੁਰਜਿਆਂ ਦੀ ਅੰਤਰ-ਸੰਬੰਧਿਤਾ ਕਾਰਨ ਸਹੀ ਢੰਗ ਨਾਲ ਚਲਦੀ ਹੈ, ਉਸੇ ਤਰ੍ਹਾਂ ਸਮਾਜ ਵਿਚ ਵੀ ਵਿਭਿੰਨ ਵਰਗ/ ਜਮਾਤਾਂ ਇਕ ਦੂਸਰੇ ਉੱਤੇ ਨਿਰਭਰ ਕਰਦੇ ਹਨ। 'ਮਸ਼ੀਨ' ਨੁੱਕੜ ਨਾਟਕ ਵਿਚ ਪੂੰਜੀਵਾਦੀ ਸਮਾਜ ਦੀਆਂ ਦੋ ਜਮਾਤਾਂ ਮਾਲਕ ਅਤੇ ਮਜ਼ਦੂਰ ਦੀ ਟੱਕਰ ਨੂੰ ਦਰਸਾਇਆ ਗਿਆ ਹੈ। ਮਸ਼ੀਨ ਦੇ ਪੁਰਜਿਆਂ ਦੇ ਰੂਪ ਵਿਚ ਚਿਤਰੇ ਗਏ ਪਾਤਰ ਸਮਾਜ ਦੇ ਵਿਭਿੰਨ ਵਰਗਾਂ (ਮਜ਼ਦੂਰ, ਮਿੱਲ ਮਾਲਕ ਅਤੇ ਸਕਿਓਰਟੀ ਗਾਰਡ) ਦੀ ਪ੍ਰਤਿਨਿਧਤਾ ਕਰਦੇ ਹਨ। ਫੈਕਟਰੀ ਵਿਚ ਸਾਇਕਲ ਸਟੈਂਡ ਨਾ ਹੋਣ ਕਾਰਨ ਮਜ਼ਦੂਰਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਪਣੀ ਇਸ ਮੰਗ ਲਈ ਉਹ ਇਕਜੁੱਟ ਹੋ ਕੰਮ ਨਾ ਕਰਨ ਦਾ ਫ਼ੈਸਲਾ ਕਰਦੇ ਹਨ। ਨਤੀਜਨ ਮਿੱਲ ਮਾਲਕ ਵੱਲੋਂ ਸਕਿਓਰਟੀ ਗਾਰਡ ਨੂੰ ਲਾਠੀਚਾਰਜ ਦਾ ਹੁਕਮ ਦੇ ਦਿੱਤਾ ਜਾਂਦਾ ਹੈ। ਮਜ਼ਦੂਰ ਜ਼ਖਮੀ ਹੋ ਕੇ ਹੇਠਾਂ ਡਿੱਗ ਜਾਂਦੇ ਹਨ। ਨਾਟਕ ਦੇ ਅੰਤ 'ਤੇ ਸੂਤਰਧਾਰ ਆਖਦਾ ਹੈ ਕਿ;

***ਔਰ ਚਲਾਓ ਗੋਲੀਆਂ। ਔਰ ਬਰਸਾਓ ਆਗ। ਲੇਕਿਨ ਇਨ ਗੋਲੀਓਂ ਸੇ ਆਗ ਬੁਝੇਗੀ ਨਹੀਂ। ਬੜ੍ਹਤਾ ਹੀ ਜਾਏਗਾ ਸੰਘਰਸ਼ ਕਾ ਯੇ ਦਾਵਾਨਲ।***[xi]

ਏਨੇ ਨੂੰ ਮਜ਼ਦੂਰ ਦੁਬਾਰਾ ਉਠ ਜਾਂਦੇ ਹਨ ਅਤੇ ਮਿੱਲ ਮਾਲਕ ਅਤੇ ਸਕਿਓਰਟੀ ਗਾਰਡ ਨੂੰ ਘੇਰ ਲੈਂਦੇ ਹਨ। ਅੰਤ 'ਤੇ ਮਜ਼ਦੂਰ ਜਮਾਤ ਦੀ ਮਾਲਕ ਜਮਾਤ 'ਤੇ ਜਿੱਤ ਦਿਖਾਈ ਗਈ ਹੈ। ਇਸ਼ ਤਰ੍ਹਾਂ ਇਹ ਨੁੱਕੜ ਨਾਟਕ ਮਜ਼ਦੂਰਾਂ ਨੂੰ ਇਕਜੁੱਟ ਹੋ ਕੇ ਸ਼ੋਸ਼ਣ ਵਿਰੱਧ ਸੰਘਰਸ਼ ਕਰਨ ਦਾ ਸੰਦੇਸ਼ ਦਿੰਦਾ ਹੈ।

'ਔਰਤ' ਨੁੱਕੜ ਨਾਟਕ ਔਰਤ ਦੇ ਵਿਭੰਨ ਰੂਪਾਂ ਦੀ ਸੰਘਰਸ਼ਸ਼ੀਲ ਗਾਥਾ ਪੇਸ਼ ਕਰਦਾ ਹੈ। ਇਹ ਮਿਹਨਤਕਸ਼ ਔਰਤ ਦੇ ਜੀਵਨ ਦੇ ਵੱਖ-ਵੱਖ ਪੜਾਵਾਂ ਨੂੰ ਵੱਖ-ਵੱਖ ਪਰਿਪੇਖਾਂ ਤੋਂ ਵੇਖਦਾ ਹੈ। ਔਰਤ ਚਾਹੇ ਬੱਚੀ ਹੋਵੇ, ਪਤਨੀ ਹੋਵੇ ਜਾਂ ਮਾਂ ਹੋਵੇ, ਉਸ ਨੂੰ ਹਰ ਪਾਸੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਹਰ ਇਕ ਮੌਕੇ 'ਤੇ ਮਰਦ ਹੀ ਉਸ ਦੇ ਕਾਰਜਾਂ ਨੂੰ ਨਿਰਧਾਰਤ ਕਰਦਾ ਹੈ। ਭੈਣ ਨੂੰ ਭਰਾ ਦੀ ਤੁਲਨਾ ਵਿਚ ਜ਼ਿਆਦਾ ਕੰਮ ਕਰਨ, ਉਸ ਦੇ ਪੜ੍ਹਨ-ਲਿਖਣ ਅਤੇ ਅੱਗੇ ਵਧਣ ਦੇ ਸੁਪਨਿਆਂ ਦਾ ਗਲਾ ਘੁੱਟਣ, ਕਾਰਖਾਨਿਆਂ ਵਿਚ ਘੱਟ ਮਜ਼ਦੂਰੀ ਮਿਲਣਾ ਅਤੇ ਦਾਜ ਕਾਰਨ ਉਤਪੀੜਣ ਸਹਿਣ ਵਰਗੀਆਂ ਵਧੀਕੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਤਮਾਮ ਮਸਲਿਆਂ ਨੂੰ ਇਸ ਨੁੱਕੜ ਨਾਟਕ ਵਿਚ ਆਵਾਜ਼ ਮਿਲੀ ਹੈ। ਔਰਤ ਦਾ ਪਹਿਲਾ ਰੂਪ ਬੱਚੀ ਵਜੋਂ ਦਿਖਾਇਆ ਗਿਆ ਹੈ। ਬੱਚੀ ਨਾਲ ਉਸ ਦੇ ਪਿਤਾ ਦੁਆਰਾ ਪੱਖਪਾਤੀ ਵਿਵਹਾਰ ਕੀਤਾ ਜਾਂਦਾ ਹੈ। ਇਥੇ ਔਰਤ ਦੇ ਜੀਵਨ ਦਾ ਪਹਿਲਾ ਪੜਅ ਬੱਚੀ ਵਜੋਂ ਉਜਾਗਰ ਹੁੰਦਾ ਹੈ, ਜਿੱਥੇ ਉਸ ਦੇ ਜੀਵਨ ਉੱਤੇ ਪਿਤਾ ਦੀ ਪ੍ਰਭੂਸੱਤਾ ਹੁੰਦੀ ਹੈ। ਬੱਚੀ ਜਦ ਰੋਂਦੀ ਹੋਈ ਸਕੂਲ ਜਾਣ ਲਈ ਆਖਦੀ ਹੈ ਤਾਂ ਉਸ ਦਾ ਬਾਪ ਉਸ ਨੂੰ ਆਖਦਾ ਹੈ ਕਿ;

***ਬਿਟੀਆ ਘਰ ਕਾ ਕਾਮ ਕਾਜ ਕੀਆ ਕਰ...ਕੋਈ ਬੱਚੀ ਨਹੀਂ ਰਹਿ ਗਈ। ਦਸ ਸਾਲ ਕੀ ਹੋਣੇ ਕੋ ਆਈ, ਡੀਂਗ ਕੀ ਡੀਂਗ। ਸਕੂਲ ਜਾਏਗੀ...ਕੁਛ ਕਾਮ ਡੂੰਡ ਦੂੰਗਾ ਤੇਰੇ ਲੀਏ।***[xii]

ਇਹ ਨੁੱਕੜ ਨਾਟਕ ਪਿਤਾ ਦੇ ਵਿਵਹਾਰ ਨੂੰ ਬਿਨਾਂ ਨਿੰਦਿਆਂ ਕਟਹਿਰੇ ਵਿਚ ਲਿਆ ਖੜ੍ਹਾ ਕਰਦਾ ਹੈ। ਇਸ ਨੁੱਕੜ ਨਾਟਕ ਵਿਚ ਔਰਤ ਦਾ ਦੂਸਰਾ ਰੂਪ ਮੱਧਕਾਲੀ ਔਰਤ ਵਜੋਂ ਸਾਕਾਰ ਹੁੰਦਾ ਹੈ। ਵਿਆਹ ਤੋਂ ਬਾਅਦ ਉਸ ਦਾ ਪਤੀ ਹਮੇਸ਼ਾ ਇਹ ਚਾਹੁੰਦਾ ਹੈ ਕਿ ਉਹ ਉਸ ਦੀ ਦਾਸੀ ਬਣ ਕੇ ਰਹੇ। ਔਰਤ ਦੀ ਕੋਈ ਸੁਤੰਤਰ ਹੋਂਦ ਨਹੀਂ। ਔਰਤ ਜਦ ਵਿਦਿਆਰਥੀ ਵਜੋਂ ਵਿਚਰਦੀ ਹੈ ਤਾਂ ਵੀ ਉਸ ਦੇ ਦਰਪੇਸ਼ ਕਈ ਮੁਸ਼ਕਿਲਾਂ ਆਉਂਦੀਆਂ ਹਨ।

ਕਾਲਜ ਵਿਚ ਦਾਖਲੇ ਸਮੇਂ ਉਸ ਦੇ ਅੱਗੇ ਕਈ ਸ਼ਰਤਾਂ ਰੱਖੀਆਂ ਜਾਂਦੀਆਂ ਹਨ ਜਿਵੇਂ;

***ਲੜਕੀਆਂ ਲੜਕੋਂ ਸੇ ਬਾਤ ਨਹੀਂ ਕਰਤੀਂ***
***ਲੜਕੀਆਂ ਕੈਨਟੀਨ ਮੇਂ ਨਹੀਂ ਜਾਤੀਂ***[xiii]

ਇੰਟਰਵਿਊ ਸਮੇਂ ਵੀ ਉਸ ਨੂੰ ਉਤਪੀੜਣ ਦਾ ਸਾਹਮਣਾ ਕਰਨਾ ਪੈਂਦਾ ਹੈ। ਔਰਤਾਂ ਦਾ ਇਕ ਰੂਪ ਉਨ੍ਹਾਂ ਅਨਪੜ੍ਹ ਔਰਤਾਂ ਵਜੋਂ ਸਾਕਾਰ ਹੋਇਆ ਹੈ ਜੋ ਖੇਤਾਂ, ਮਿੱਲਾਂ ਅਤੇ ਫੈਕਟਰੀਆਂ ਵਿਚ ਹੱਡ-ਤੋੜਵੀਂ ਮਿਹਨਤ ਕਰਦੀਆਂ ਹਨ ਅਤੇ ਜ਼ਿਮੀਦਾਰਾਂ ਅਤੇ ਪੂੰਜੀਪਤੀਆਂ ਦੀ ਵਾਸਨਾ ਦਾ ਸ਼ਿਕਾਰ ਹੁੰਦੀਆਂ ਹਨ। ਇਸ ਪ੍ਰਕਾਰ ਇਸ ਨੁੱਕੜ ਨਾਟਕ ਵਿਚ ਔਰਤ ਨਾਲ ਜੁੜੀਆਂ ਸਾਰੀਆਂ ਕਹਾਣੀਆਂ ਦੀ ਸਾਂਝੀ ਤੰਦ ਲਿੰਗ ਆਧਾਰਿਤ ਵਿਤਕਰਾ ਅਤੇ ਸ਼ੋਸ਼ਣ ਹੈ। ਅੰਤ 'ਤੇ ਇਹ ਨੁੱਕੜ ਨਾਟਕ ਔਰਤ ਨੂੰ ਸੰਗਠਿਤ ਹੋ ਕੇ ਆਪਣੇ ਹੱਕਾਂ ਲਈ ਸੰਘਰਸ਼ ਕਰਨ ਦਾ ਸੰਦੇਸ਼ ਦਿੰਦਾ ਹੋਇਆ ਖਤਮ ਹੋ ਜਾਂਦਾ ਹੈ।

'ਹੱਲਾ ਬੋਲ' ਨੁੱਕੜ ਨਾਟਕ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਮਜ਼ਦੂਰ ਸੰਗਠਨ ਸੀਟੂ **(Centre of Indian Trade Unions)** ਦੇ ਪ੍ਰਚਾਰ ਲਈ ਤਿਆਰ ਕੀਤਾ ਨਾਟਕ ਹੈ। ਇਹ ਚੱਕਾ ਜਾਮ ਨੁੱਕੜ ਨਾਟਕ ਦਾ ਹੀ ਵਿਸਤ੍ਰਿਤ ਰੂਪ ਸੀ। ਇਹੀ ਉਹ ਨਾਟਕ ਸੀ ਜਿਸ ਦੀ ਪੇਸ਼ਕਾਰੀ ਦੌਰਾਨ ਸਫ਼ਦਰ ਦਾ ਕਤਲ ਕਰ ਦਿੱਤਾ ਗਿਆ ਸੀ। ਨਾਟਕ ਦੀ ਸ਼ੁਰੂਆਤ ਜ਼ੁਲਮ ਖ਼ਿਲਾਫ਼ ਨਾਰ੍ਹਾ ਲਗਾਉਂਦਿਆਂ ਹੁੰਦੀ ਹੈ;

***ਹਰ ਜ਼ੋਰ ਜ਼ੁਲਮ ਕੀ ਟੱਕਰ ਮੇਂ ਸੰਘਰਸ਼ ਹਮਾਰਾ ਨਾਰ੍ਹਾ ਹੈ***
***ਅਭੀ ਤੋ ਯੇ ਅੰਗੜਾਈ ਹੈ, ਆਗੇ ਔਰ ਲੜਾਈ ਹੈ।***[xiv]

ਇਸ ਨਾਟਕ ਵਿਚ ਜੋਗੀ ਅਤੇ ਅੱਛੋ ਦੇ ਪਾਤਰਾਂ ਨੂੰ ਕੇਂਦਰ ਵਿਚ ਰੱਖ ਕੇ ਮਿੱਲ-ਮਜ਼ਦੂਰਾਂ ਦੇ ਯਥਾਰਥਕ ਜੀਵਨ ਦੀ ਪੇਸ਼ਕਾਰੀ ਕੀਤੀ ਗਈ ਹੈ। ਜੋਗੀ ਅੱਛੋ ਨਾਲ ਪ੍ਰੇਮ-ਵਿਆਹ ਕਰਵਾਉਣਾ ਚਾਹੁੰਦਾ ਹੈ ਪਰ ਉਸਦੀ ਸਮਾਜਿਕ ਅਤੇ ਆਰਥਿਕ ਸਥਿਤੀ ਉਸਨੂੰ ਲਾਚਾਰ ਅਤੇ ਮਜਬੂਰ ਬਣਾ ਦਿੰਦੀ ਹੈ। ਜੋਗੀ ਪਾਤਰ ਰਾਹੀਂ ਨਾਟਕਕਾਰ ਨੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਵੀ ਦਰਸਾਇਆ ਹੈ। ਨਾਟਕਕਾਰ ਸਿੱਧ ਕਰਨਾ ਚਾਹੁੰਦਾ ਹੈ ਕਿ ਸੀਟੂ ਮਜ਼ਦੂਰਾਂ ਦੀਆਂ ਪਰੇਸ਼ਾਨੀਆਂ ਸਮਝਦੀ ਹੈ ਅਤੇ ਸੀਟੂ ਦੇ ਜ਼ਰੀਏ ਹੀ ਮਜ਼ਦੂਰਾਂ ਨੂੰ ਨਿਆਂ ਮਿਲ ਸਕਦਾ ਹੈ। ਇਹ ਨੁੱਕੜ ਨਾਟਕ ਮਜ਼ਦੂਰ ਵਿਰੋਧੀ ਸ਼ਕਤੀਆਂ ਨੂੰ ਚੇਤਾਵਨੀ ਦੇਣ ਅਤੇ 'ਹਰ ਜ਼ੋਰ-ਜ਼ੁਲਮ ਦੀ ਟੱਕਰ ਵਿਚ ਸੰਘਰਸ਼ ਕਰਨ ਦੇ ਨਾਰ੍ਹੇ' ਨਾਲ ਸਮਾਪਤ ਹੁੰਦਾ ਹੈ। ਇਸ ਪ੍ਰਕਾਰ ਇਸ ਨੁੱਕੜ ਨਾਟਕ ਵਿਚ ਸੱਤਾਧਾਰੀਆਂ ਦੁਆਰਾ ਮਿਹਨਤਕਸ਼ ਜਮਾਤ 'ਤੇ ਕੀਤੇ ਜਾਣ ਵੇਲੇ ਸ਼ੋਸ਼ਣ ਦਾ ਚਿਤਰਨ ਕੀਤਾ ਗਿਆ ਹੈ। ਨਾਟਕ ਵਿਚ ਔਰਤ ਮਜ਼ਦੂਰਾਂ ਦੀਆਂ ਪਰੇਸ਼ਾਨੀਆਂ ਨੂੰ ਵੀ ਆਵਾਜ਼ ਮਿਲੀ ਹੈ।

ਸਫ਼ਦਰ ਦੀਆਂ ਕਲਾ ਸੰਬੰਧੀ ਧਾਰਨਾਵਾਂ ਅਤੇ ਉਸ ਦੀਆਂ ਰਚਨਾਵਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਉਸ ਦੀ ਪ੍ਰਤਿਬੱਧਤਾ ਮਿਹਨਤਕਸ਼ ਜਮਾਤ ਨਾਲ ਸੀ। ਆਪਣੀ ਗੱਲ ਆਮ ਲੋਕਾਂ ਤਕ ਪਹੁੰਚਾਉਣ ਲਈ ਹੀ ਉਸ ਨੇ ਨੁੱਕੜ ਨਾਟਕ ਦੀ ਵਿਧਾ ਨੂੰ ਅਪਣਾਇਆ। ਉਸ ਦੇ ਯਤਨਾਂ ਦੇ ਫਲਸਰੂਪ ਹੀ ਨੁੱਕੜ ਨਾਟਕ ਨੂੰ ਸੁਤੰਤਰ ਨਾਟ-ਵਿਧਾ ਵਜੋਂ ਮਾਨਤਾ ਮਿਲੀ। ਅੱਜ ਜਦ ਸੰਪਰਦਾਇਕ ਤਾਕਤਾਂ ਜ਼ੋਰ ਫੜ੍ਹ ਰਹੀਆਂ ਹਨ, ਕਿਸਾਨ ਖ਼ੁਦਕੁਸ਼ੀਆਂ ਦੇ ਰਾਹ ਪੈ ਰਹੇ ਹਨ, ਬੇਰੁਜ਼ਗਾਰੀ ਅਤੇ ਗਰੀਬੀ ਵਰਗੀਆਂ ਸਮੱਸਿਆਵਾਂ ਵਧ ਰਹੀਆਂ ਹਨ ਤਾਂ ਸਫ਼ਦਰ ਅਤੇ ਉਸ ਦੀ ਕਲਾ ਦੀ ਸਾਰਥਕਤਾ ਹੋਰ ਵਧ ਜਾਂਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਸ਼ਰਮਾ, ਸੁਭਾਸ਼, 'ਨੁੱਕੜ ਨਾਟਕ ਮੇਂ ਦਰਸ਼ਕ' (ਸਫ਼ਦਰ ਹਾਸ਼ਮੀ ਨਾਲ ਸੁਭਾਸ਼ ਸ਼ਰਮਾ ਦੀ ਗੱਲਬਾਤ), *ਸਫ਼ਦਰ,* (ਸੰਪ. ਜਨ ਨਾਟਯ ਮੰਚ), ਰਾਜਕਮਲ ਪ੍ਰਕਾਸ਼ਨ, ਨਵੀਂ ਦਿੱਲੀ, 2012 (ਪਹਿਲਾ ਸੰਸ. 1989), ਪੰ. 64.
2. ਪੰਜਾਬੀ ਨਾਟਕ ਪ੍ਰਗਤੀ ਤੇ ਪਾਸਾਰ, ਕ੍ਰਿਤੀ ਪ੍ਰਕਾਸ਼ਨ, ਦਿੱਲੀ, 2017, ਪੰ. 87.
3. ਹਾਸ਼ਮੀ, ਸਫ਼ਦਰ, 'ਨੁੱਕੜ ਨਾਟਕ ਕਾ ਮਹੱਤਵ ਔਰ ਕਾਰਯ ਪ੍ਰਣਾਲੀ', ਉਹੀ, ਪੰ. 33.
4. ਬ੍ਰਿਜੇਸ਼, 'ਕਲਾ ਕੀ ਪਰਖ- ਸਫ਼ਦਰ ਕੀ ਨਜ਼ਰ ਮੇਂ', *ਨੁੱਕੜ,* ਖੰਡ 10-11, ਅੰਕ 41-42, (ਅਕਤੂਬਰ 2008- ਅਕਤੂਬਰ 2009), ਪੰ. 6.
5. ਉਹੀ ਰਚਨਾ, ਪੰ. 58.
6. ਹਾਸ਼ਮੀ, ਸਫ਼ਦਰ, 'ਪਾਰੰਪਰਿਕ ਰੂਪੋਂ ਔਰ ਡਿਵਾਇਸਿਜ਼ ਕਾ ਸਵਾਲ', ਉਹੀ, ਪੰ. 53.
7. ਅਰਵਿਨ, ਯੂਜੀਨ ਵੈਨ, 'ਸਫ਼ਦਰ ਹਾਸ਼ਮੀ ਕੇ ਸਾਥ ਬਾਤਚੀਤ', *ਨੁੱਕੜ,* ਪੰ. 55.
8. ਹਾਸ਼ਮੀ, ਸਫ਼ਦਰ, ਉਹੀ ਰਚਨਾ, ਪੰ. 58.
9. ਹਾਸ਼ਮੀ, ਸਫ਼ਦਰ, 'ਨੁੱਕੜ ਨਾਟਯ ਕੇ ਆਰੰਭਿਕ ਦਸ ਵਰਸ਼', *ਸਫ਼ਦਰ,* (ਸੰਪ. ਜਨ ਨਾਟਯ ਮੰਚ), ਪੰ. 44.
10. ਉਹੀ, ਪੰਨਾ 43.
11. ਉਹੀ, ਪੰ. 124.
12. https://poshampa.org/nukkad-natak-aurat/ -Access on Aug 21, 2022, Time 05:12 PM.
13. ਉਹੀ.
14. ਹਾਸ਼ਮੀ, ਸਫ਼ਦਰ, 'ਹੱਲਾ ਬੋਲ', ਉਹੀ ਰਚਨਾ, ਪੰ. 97.